# ਕਲਾ ਦੇ ਝਰੋਖੇ ਤੋਂ

14.7.96

**ਗੁਰਸ਼ਰਨ ਸਿੰਘ**

**ਨਾਟਕ 'ਪਰਖ' ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ :** ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਅਖਬਾਰਾਂ ਵਿਚ ਚਰਚਾ ਚਲ ਰਿਹਾ ਹੈ। 5 ਜੁਲਾਈ ਦੀ 'ਪੰਜਾਬੀ ਟ੍ਰਿਬਿਊਨ' ਵਿਚ ਦੋ ਲੇਖ ਆਏ ਹਨ। ਸ਼੍ਰੋਮਣੀ ਕਮੇਟੀ ਕਿਹੋ ਜਿਹੀ ਬਣੇ ? ਅਜਮੇਰ ਸਿੰਘ ਲੋਹਗੜ੍ਹ, ਮਸਲਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ। ਬਲਕਾਰ ਸਿੰਘ। ਦੋਨੋਂ ਲੇਖ ਇਨ੍ਹਾਂ ਚੋਣਾਂ ਬਾਰੇ ਅਹਿਮ ਮੁੱਦਿਆਂ ਨੂੰ ਛੇੜਦੇ ਹਨ। ਸ਼੍ਰੋਮਣੀ ਕਮੇਟੀ ਦਾ ਹੋਂਦ ਵਿਚ ਆਉਣਾ ਆਪਣੇ ਆਪ ਵਿਚ ਇਕ ਲੰਮੇ ਸੰਘਰਸ਼ ਦੀ ਕਹਾਣੀ ਹੈ। ਗੁੰਡੇ ਅਤੇ ਬਦਚਲਣ ਕਿਸਮ ਦੇ ਮਹੰਤ ਗੁਰਦੁਆਰਿਆਂ ਉਤੇ ਕਾਬਜ਼ ਸਨ। ਸੈਂਕੜੇ ਸੂਰਬੀਰ ਸਿੰਘਾਂ ਨੇ ਕੁਰਬਾਨੀਆਂ ਦੇ ਕੇ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਇਆ। ਸ਼੍ਰੋਮਣੀ ਕਮੇਟੀ ਦਾ ਮੁੱਖ ਕੰਮ ਸਿੱਖ ਗੁਰਦੁਆਰਿਆਂ ਦੀ ਸੰਭਾਲ ਕਰ ਕੇ ਗੁਰਮਤਿ ਦੇ ਉਦੇਸ਼ਾਂ ਨੂੰ ਲੋਕਾਂ ਵਿਚ ਪ੍ਰਚਾਰਨਾ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਗੁਰਦੁਆਰਿਆਂ ਦੀ ਆਮਦਨ ਦੀ ਸਹੀ ਢੰਗ ਨਾਲ ਵਰਤੋਂ ਕੀਤੀ ਜਾਏ। ਪੰਜ ਪਿਆਰੇ ਸਾਜਣ ਵੇਲੇ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਦੀ ਪਰਖ ਕੀਤੀ ਸੀ। ਸ਼੍ਰੋਮਣੀ ਕਮੇਟੀ ਦੀ ਚੋਣ ਅੱਜ ਦੇ ਸਿੱਖਾਂ ਦੀ ਪਰਖ ਹੈ। ਨਾਟਕ 'ਪਰਖ' ਦਾ ਜ਼ਿਕਰ ਇਸ ਸੰਦਰਭ ਵਿਚ ਕੀਤਾ ਜਾ ਰਿਹਾ ਹੈ। ਇਸ ਨਾਟਕ ਵਿਚ ਕੁਝ ਮੁੱਦੇ ਉਠਾਏ ਗਏ ਹਨ। ਇਹ ਨਾਟਕ ਮੇਰੇ ਆਪਣੇ ਲਿਖੇ ਨਾਟਕ 'ਚਾਂਦਨੀ ਚੌਕ ਤੋਂ ਸਰਹੰਦ ਤਕ' ਦਾ ਇਕ ਭਾਗ ਹੈ। ਇਸ ਦਾ ਘਟਨਾ ਸਥਾਨ ਮਸੰਦਾਂ ਦਾ ਡੇਰਾ ਹੈ। ਸਮਾਂ ਉਹ ਹੈ ਜਦੋਂ ਆਨੰਦਪੁਰ ਸਾਹਿਬ ਦੀਵਾਨ ਲੱਗਣਾ ਹੈ। ਮਸੰਦਾਂ ਦਾ ਚਰਿਤਰ ਉਸ ਨਾਟਕ ਵਿਚ ਉਭਰਦਾ ਹੈ। ਇਕ ਮਸੰਦ ਆਪਣੇ ਸੇਵਾਦਾਰ ਨਾਲ ਵਾਰਤਾਲਾਪ ਕਰ ਰਿਹਾ ਹੈ:-

-ਅਸੀਂ ਪੰਜਾਂ ਪੁਸ਼ਤਾਂ ਤੋਂ ਇਲਾਕੇ ਵਿਚ ਗੁਰੂ ਘਰ ਦੇ ਮੋਹਰੀ ਮਸੰਦ ਹਾਂ। ਸਾਡੇ ਦਾਦਾ ਜੀ ਦੇ ਦਾਦਾ ਜੀ ਚੌਥੀ ਪਾਤਸ਼ਾਹੀ ਵੇਲੇ ਸਿੱਖ ਬਣੇ ਪਰ ਉਹ ਨਿਰੇ ਸਿੱਖ ਹੀ ਸਨ... ਗੁਰੂ ਘਰ ਦੀ ਜੋ ਭੇਟਾ ਹੁੰਦੀ, ਉਸ ਨੂੰ ਉਸੇ ਤਰ੍ਹਾਂ ਗੁਰੂ ਤਕ ਪੁਚਾ ਦਿੰਦੇ। ਆਪਣਾ ਦਸਵੰਧ ਵੀ ਗੁਰੂ ਘਰ ਦੀ ਭੇਟਾ ਕਰ ਦਿੰਦੇ। ਦਾਦਾ ਜੀ ਦੇ ਪਿਤਾ ਜੀ ਕੁਝ ਸਿਆਣੇ ਨਿਕਲੇ। ਉਨ੍ਹਾਂ ਸੋਚਿਆ ਪਹਿਲੇ ਜੋ ਸਾਰੀ ਭੇਟਾ ਗੁਰੂ ਤਕ ਲਿਜਾਂਦੇ ਹਾਂ, ਫਿਰ ਇਲਾਕੇ ਵਿਚ ਲੰਗਰ ਪਾਣੀ ਲਈ ਜੋ ਗੁਰੂ ਦਿੰਦੇ ਹਨ, ਉਹ ਵਾਪਸ ਲਿਆਂਦੇ ਹਾਂ, ਕਿਉਂ ਨਾ ਇਲਾਕੇ ਦਾ ਹਿੱਸਾ ਪਹਿਲਾਂ ਹੀ ਕੋਲ ਰੱਖਿਆ ਜਾਏ...। ਫੇਰ ਦਾਦਾ ਜੀ ਦੀ ਵਾਰੀ ਆਈ, ਉਨ੍ਹਾਂ ਸੋਚਿਆ ਗੁਰੂ ਘਰ ਲਈ ਭੇਟਾ ਇਕੱਠੀ ਕਰਨ ਲਈ ਏਨੀ ਖੇਚਲ ਜੋ ਕਰੀਦੀ ਏ, ਕਿਉਂ ਨਾ ਆਪਣਾ ਮਿਹਨਤਾਨਾ ਵਿਚੋਂ ਕੱਢਿਆ ਜਾਏ। ...ਤੇ ਫੇਰ ਪਿਤਾ ਜੀ ਤਾਂ ਹੋਰ ਸਿਆਣੇ ਹੋ ਗਏ। ਉਨ੍ਹਾਂ ਸੋਚਿਆ ਕਿ ਸਿੱਖੀ ਦਾ ਪ੍ਰਚਾਰ ਤਾਂ ਹੀ ਹੋ ਸਕਦਾ ਹੈ ਜੇਕਰ ਮੋਹਰੀ ਦੀ ਕੋਈ ਸਾਖ ਬਣੇ, ਕੋਈ ਸ਼ਾਨ ਬਣੇ ਤੇ ਇਹ ਸਾਰੀ ਹਵੇਲੀ, ਇਹ ਜਾਇਦਾਦ ਤੇ ਇਹ ਸਾਖ ਉਸ ਵੇਲੇ ਦੀ ਬਣੀ ਹੋਈ ਹੈ।

ਦੋ ਮਸੰਦ ਆਪਸ ਵਿਚ ਗੱਲਾਂ ਕਰ ਰਹੇ ਹਨ :-

-ਜਦੋਂ ਦੀ ਇਸ ਗੋਬਿੰਦ ਨੇ ਗੁਰੂ ਗੱਦੀ ਸਾਂਭੀ ਏ, ਯੁੱਧ ਤੋਂ ਬਿਨਾਂ ਗੱਲ ਹੀ ਨਹੀਂ ਕਰਦਾ। ਕੋਈ ਪੁੱਛੇ ਕਿ ਆਪਣਾ ਪਿਤਾ ਤਾਂ ਸ਼ਹੀਦ ਕਰਵਾ ਹੀ ਲਿਆ ਏ, ਹੁਣ ਦੂਜਿਆਂ ਦੇ ਮਰਵਾ ਕੇ ਹੀ ਖੁਸ਼ ਹੋਵੇਂਗਾ... ਚਲੋ ਛੱਡੋ ਇਨ੍ਹਾਂ ਗੱਲਾਂ ਨੂੰ, ਤੁਹਾਡੇ ਇਲਾਕੇ ਦੀ ਦਿਲਦਾਰ ਦੀ ਅੱਜ ਕੱਲ੍ਹ ਬੜੀ ਮਸ਼ਹੂਰੀ ਏ, ਮੋਈ ਦੀਆਂ ਅੱਖਾਂ ? ਹਾਏ ਪਾ ਪਾ ਪੱਕੇ ਦਾ ਡੇਲਾ ਏ। ਸੁਣਿਐ ਨੱਚਦੀ ਏ ਤਾਂ ਬਿਜਲੀ ਡਿਗਦੀ ਏ। ਕਦੀ ਸਾਨੂੰ ਵੀ ਉਹਦਾ ਨਾਚ ਵਿਖਾ ਦੇਵੋ।

ਜਦੋਂ ਪੰਜ ਪਿਆਰੇ ਸਾਜੇ ਜਾਣ ਦੀ ਖਬਰ ਮਸੰਦਾਂ ਦੇ ਡੇਰੇ ਪੁੱਜਦੀ ਹੈ ਤਾਂ ਉਹ ਇਸ ਤਰ੍ਹਾਂ ਹਾਲ ਪਾਹਰਿਆ ਪਾਂਦੇ ਹਨ :-

-ਜਿਹੜੇ ਪਰਖ ਵਿਚ ਪੂਰੇ ਉਤਰੇ, ਹੁਣ ਉਹੀ ਪੰਜੇ ਸਿੱਖਾਂ ਦੇ ਮੋਹਰੀ ਹੋਣਗੇ। ਸਾਰੀ ਭੇਟਾ ਉਹੀ ਇਕੱਠੀ ਕਰਨਗੇ, ਅਸੀਂ ਭੁੱਖੇ ਮਰ ਜਾਵਾਂਗੇ। ਸਾਨੂੰ ਕਿਸੇ ਨੇ ਨੇੜੇ ਦੀ ਜੂੰ ਕੱਢ ਕੇ ਨਹੀਂ ਦੇਣੀ।

ਇਹ ਨਾਟਕ ਅੱਜ ਦੇ ਸੰਦਰਭ ਵਿਚ ਇਹੀ ਅਰਥ ਕੱਢਦਾ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਸਹੀ ਨੁਮਾਇੰਦਿਆਂ ਦੀ ਚੋਣ ਅੱਜ ਦੇ ਸਿੱਖਾਂ ਦੀ ਪਰਖ ਹੈ। ਉਹ ਸੱਚੇ-ਸੁੱਚੇ ਕਿਰਦਾਰ ਵਾਲੇ ਲੋਕਾਂ ਦੀ ਚੋਣ ਕਰਨ। ਇਹ ਸਿੱਖਾਂ ਲਈ ਵੀ, ਪੰਜਾਬ ਲਈ ਵੀ ਅਤੇ ਸਮੁੱਚੇ ਦੇਸ਼ ਲਈ ਇਕ ਅਹਿਮ ਗੱਲ ਹੋਵੇਗੀ।

**ਸਵੈ-ਜੀਵਨੀਆਂ ਬਾਰੇ ਗੁਰਬਚਨ ਦੀ ਟਿੱਪਣੀ:** ਪੰਜਾਬੀ ਵਿਚ ਲੇਖਕਾਂ ਵਲੋਂ ਸਵੈ-ਜੀਵਨੀਆਂ ਲਿਖੀਆਂ ਗਈਆਂ ਹਨ ਤੇ ਲਿਖੀਆਂ ਜਾ ਵੀ ਰਹੀਆਂ ਹਨ। ਇਨ੍ਹਾਂ ਬਾਰੇ 'ਲਕੀਰ'-58 (ਜੁਲਾਈ -ਸਤੰਬਰ 96 ਅੰਕ) ਵਿਚ ਗੁਰਬਚਨ ਵਲੋਂ ਇਕ ਬੜੀ ਸਖਤ ਟਿੱਪਣੀ ਨਾਰਸੀ ਲੇਖਕਾਂ ਦੀਆਂ ਸਵੈ-ਜੀਵਨੀਆਂ ਆਈ ਹੈ। ਗੁਰਬਚਨ ਲਿਖਦਾ ਹੈ, ਇਸ ਸਵਾਲ ਦਾ ਜਵਾਬ ਲੱਭਣ ਦੀ ਜ਼ਰੂਰਤ ਹੈ ਕਿ ਪੰਜਾਬੀ 'ਚ ਕੁਝ ਲੇਖਕ ਆਪਣੇ ਆਪ ਨੂੰ ਦਰਵੇਸ਼ ਅਤੇ ਦੂਜਿਆਂ ਨੂੰ ਦੁਸ਼ਟ ਕਿਉਂ ਸਮਝੀ ਫਿਰਦੇ ਹਨ। ...ਦਰਅਸਲ ਇਹ ਲੇਖਕ ਨਾਰਸੀ ਰੋਗ ਦੇ ਸ਼ਿਕਾਰ ਹਨ। ਨਾਰਸੀ ਬੰਦੇ ਨੂੰ ਹਰ ਪਾਸੇ ਆਪਣਾ ਅਕਸ ਵੇਖਣ ਦੀ ਤ੍ਰਿਸ਼ਨਾ ਹੁੰਦੀ ਹੈ। ਗੁਰਬਚਨ ਨੇ ਗੁਰਬਖਸ਼ ਸਿੰਘ, ਹਰਿਭਜਨ ਸਿੰਘ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ (ਰਸੀਦੀ ਟਿਕਟ) ਦੀਆਂ ਮਿਸਾਲਾਂ ਦਿੱਤੀਆਂ ਹਨ। ਅਜੀਤ ਕੌਰ ਦੇ ਕੂੜਾ ਕਬਾੜਾ ਬਾਰੇ ਤਾਂ ਉਹ ਆਪਣਾ ਫਤਵਾ ਬਣੇ ਸਖਤ ਸ਼ਬਦਾਂ ਵਿਚ ਦਿੰਦਾ ਹੈ; ਪ੍ਰੇਤਾਂ ਨੂੰ ਮਸਾਲਾ ਲਗਾ ਕੇ ਪੇਸ਼ ਕਰੋ। 'ਮੈਂ' ਨੂੰ ਚੰਮੜੇ ਮੁਰਦਿਆਂ ਨੂੰ ਉਖੇੜੋ। ਮੁਰਦਿਆਂ ਨੂੰ ਕੁੱਟੋ, ਮਹਾਦੁਸ਼ਟ, ਹਤਿਆਰੇ, ਜ਼ਾਲਮ, ਔਰੰਗਜ਼ੇਬ, ਤੈਮੂਰ ਕਹਿ ਕੇ ਕਾਵਾਂ ਰੌਲੀ ਪਾਓ ਤਾਂ ਜੋ ਸ਼ੋਰ ਸੁਣ ਕੇ ਲੋਕ ਦੌੜੇ ਆਉਣ, ਇਹ ਦੇਖਣ ਕਿ 'ਕੀ ਹੋਇਆ ?' ਅਜੀਤ ਕੌਰ ਦੇ ਕੂੜਾ ਕਬਾੜਾ ਵਿਚੋਂ ਤੁਹਾਨੂੰ ਇਹ ਸ਼ੋਰ ਸੁਣਾਈ ਦਿੰਦਾ ਹੈ।

ਇਹ ਤਾਂ ਇਤਰਾਜ਼ ਵਾਲੀ ਗੱਲ ਨਹੀਂ ਕਿ ਕੋਈ ਟਿੱਪਣੀਕਾਰ ਕਿਸੇ ਲਿਖਤ ਬਾਰੇ ਬੇਬਾਕ ਹੋ ਕੇ ਟਿੱਪਣੀ ਦੇਵੇ ਪਰ ਲਿਖਤ ਜੇਕਰ ਸਵੈ-ਜੀਵਨੀ ਹੋਵੇ ਤਾਂ ਲੇਖਕ ਦੀ ਈਮਾਨਦਾਰੀ ਉਤੇ ਕਿੰਤੂ ਹੋਵੇ ਤਾਂ ਵਾਦ-ਵਿਵਾਦ ਛਿੜਨਾ ਜ਼ਰੂਰੀ ਹੈ। ਕਿਸੇ ਸਾਹਿਤਕ ਬੈਠਕ ਵਿਚ ਜਿਥੇ ਲੇਖਕ ਤੇ ਟਿੱਪਣੀਕਾਰ ਸਾਹਮਣੇ ਬਸਾਹਮਣੇ ਹੋਣ ਤਾਂ ਸਾਹਿਤਕ ਈਮਾਨਦਾਰੀ ਦਾ ਨਿਰਣਾ ਹੋ ਸਕਦਾ ਹੈ।

14-7-1996